# ਰੁੱਖ

ਨਾਟਕ ਸ਼ੁਰੂ ਹੋਣ 'ਤੇ ਕਥਾਕਾਰ ਢੋਲਕ ਦੀ ਠਾਪ 'ਤੇ ਨਾਟਕ ਨੂੰ ਹੇਠ ਲਿਖੇ ਬੋਲਾਂ ਨਾਲ ਸ਼ੁਰੂ ਕਰਦਾ ਹੈ:

ਕਥਾਕਾਰ : ਇਕ ਸੀ ਚਿੜੀ ਅਤੇ ਇਕ ਸੀ ਕਾਂ, ਦੋਨਾਂ ਰੱਲ ਬਣਾਈ ਖਿਚੜੀ, ਚਿੜੀ ਦਾ ਹਿੱਸਾ ਖਾ ਗਿਆ ਕਾਂ, ਉੱਡ ਕੇ ਜਾ ਉਹ ਬੈਠਾ ਰੁੱਖ 'ਤੇ, ਜਿਸਦੀ ਠੰਡੀ ਠੰਡੀ ਛਾਂ, ਹੁਣ ਚਿੜੀ ਵਿਚਾਰੀ ਕੀ ਕਰੇ, ਕੀ ਠੰਡਾ ਪਾਣੀ ਪੀ ਮਰੇ।

*(ਜਦੋਂ ਕਥਾਕਾਰ ਇਹ ਗੱਲ ਬੋਲ ਰਿਹਾ ਹੁੰਦਾ ਹੈ ਤਾਂ ਪਾਤਰ ਜਿਸਨੇ ਕਾਲੇ ਕਪੜੇ ਪਾਏ ਹੋਏ ਹੁੰਦੇ ਹਨ, ਉਹ ਇਕ ਉੱਚੀ ਥਾਂ 'ਤੇ ਕਾਂ ਦੀ ਮੁੱਦਰਾ ਵਿਚ ਆ ਕੇ ਬੈਠ ਜਾਂਦਾ ਹੈ ਤੇ ਚਿੜੀ ਜਿਹਨੂੰ ਚਿੜੀਆਂ ਵਰਗੇ ਚਿਤਰੇ ਤੇ ਮਿਤਰੇ ਕਪੜੇ ਪਾਏ ਹੋਏ ਹਨ ਉਹ ਇਕ ਪਾਸੇ ਰੋਂਦੀ ਮੁਦਰਾ ਵਿਚ ਆ ਕੇ ਬੈਠ ਜਾਂਦੀ ਹੈ।)*

ਕਾਂ : ਕਾਂ, ਕਾਂ, ਕਾਂ

ਚਿੜੀ : ਚੀਂ, ਚੀਂ, ਚੀਂ

*(ਚਿੜੀ ਰੁੱਖ ਨੂੰ ਅਰਜ਼ ਕਰਦੀ ਹੈ।)*

ਚਿੜੀ : (ਅਰਜ਼ੋਈ ਲਹਿਜੇ ਵਿਚ) ਚਾਚਾ ਰੁੱਖ ਜੀ

ਰੁੱਖ : ਹਾਂ ਹਾਂ ਹਾਂ

ਚਿੜੀ : ਤੇਰੀ ਠੰਡੀ ਠੰਡੀ ਛਾਂ
ਟਹਿਣੀ ਤੇਰੀ 'ਤੇ ਜੋ ਬੈਠਾ ਕਾਂ
ਉਹ ਹੈ ਇਕ ਝੂਠਾ ਕਾਂ
ਖਿਚੜੀ ਜੋ ਮੇਰੀ ਖਾ ਗਿਆ ਕਾਂ
ਇਹਨੂੰ ਇਥੋਂ ਦੇ ਉਡਾ
ਇਹ ਨਹੀਂ ਏ ਚੰਗਾ ਕਾਂ

ਕਾਂ : ਕਾਂ ਕਾਂ ਕਾਂ

ਚਿੜੀ : ਚੀਂ ਚੀਂ ਚੀਂ

ਰੁੱਖ : ਇਹਨੂੰ ਮੈਂ ਕਿਉਂ ਉਡਾਵਾਂ ?
ਗਾਲ੍ਹਾ ਕਿਉਂ ਮੈਂ ਐਵੇਂ ਖਾਵਾਂ ?
ਝੂਠਾ ਤੇ ਨਹੀਂਇਹ ਇਕ ਕਾਂ
ਝੂਠਾ ਤਾਂ ਹੋਇਆ ਸਾਰਾ ਜਹਾਨ

ਇਹ ਗਲ ਚਿੜੀਏ ਲੈ ਤੂੰ ਜਾਣ
ਸੋਚ ਨੂੰ ਲੈ ਤੂੰ ਪਛਾਣ

ਕਾਂ : (ਚਿੜੀ ਨੂੰ ਛੇੜਣ ਦੇ ਲਹਿਜੇ ਵਿਚ) ਕਾਂ ਕਾਂ ਕਾਂ

ਚਿੜੀ : (ਰੋਣ ਦੇ ਲਹਿਜੇ ਵਿਚ) ਚੀਂ ਚੀਂ ਚੀਂ

ਕਥਾਕਾਰ : ਰੁੱਖ ਵੀ ਕਾਂ ਨੂੰ ਉਡਾਵੇ ਨਾ
ਗਾਲ੍ਹਾਂ ਉਹ ਖਾਵੇ ਨਾ
ਹੁਣ ਚਿੜੀ ਵਿਚਾਰੀ ਕੀ ਕਰੇ ?
ਕੀ ਉਹ ਠੰਡਾ ਪਾਣੀ ਪੀ ਮਰੇ ?

ਕਾਂ : ਕਾਂ ਕਾਂ ਕਾਂ

ਚਿੜੀ : ਚੀਂ ਚੀਂ ਚੀਂ

ਕਥਾਕਾਰ : ਏਨੇ ਵਿਚ ਉਥੇ ਆਇਆ ਲਕੜਹਾਰਾ
ਹੱਥ ਵਿਚ ਉਹਦੇ ਇਕ ਕੁਹਾੜੀ
ਤੁਰਿਆ ਜਾਂਦਾ ਕੱਲਾ ਕਾਰਾ

*(ਲਕੜਹਾਰਾ ਆ ਕੇ ਇਕ ਪਾਸੇ ਖਲੋਂਦਾ ਹੈ।)*

ਚਿੜੀ : ਤਾਇਆ ਜੀ ਇਕ ਅਰਜ਼ ਕਰਾਂ

ਲਕੜਹਾਰਾ : ਕਰ ਨੀਂ ਚੀੜੀਏ

ਚਿੜੀ : ਰੁੱਖ 'ਤੇ ਬੈਠਾ ਝੂਠਾ ਕਾਂ
ਰੁੱਖ ਕਾਂ ਨੂੰ ਉਡਾਵੇ ਨਾ
ਗਾਲ੍ਹਾਂ ਉਹ ਖਾਵੇ ਨਾ
ਰੁੱਖ ਨੂੰ ਦੇਵੋ ਤੁਸੀਂ ਵੱਢ
ਟਾਹਣੀ ਦੇਵੋ ਉਹਦੀ ਕੱਟ
ਰੁੱਖ 'ਤੇ ਬੈਠਾ ਝੂਠਾ ਕਾਂ
ਖਿਚੜੀ ਜੋ ਮੇਰੀ ਖਾ ਗਿਆ ਕਾਂ

ਲਕੜਹਾਰਾ : ਮੈਂ ਕਿਉਂ ਦੇਵਾਂ ਰੁੱਖ ਨੂੰ ਵੱਢ
ਟਾਹਣੀ ਕਿਉਂ ਦੇਵਾਂ ਉਹਦੀ ਕੱਟ
ਰੁੱਖ ਤਾਂ ਹੁਣ ਕੁਦਰਤ ਦੀ ਦਾਤ
ਜੀਵ ਜੰਤ ਲਈ ਵੱਡੀ ਸੌਗਾਤ
ਰੁੱਖ ਤਾਂ ਸ਼ੁੱਧ ਕਰਦਾ ਹਵਾ
ਰੁੱਖ ਤਾਂ ਦੇਣ ਮੀਂਹ ਵਰ੍ਹਾ
ਮੈਂ ਕਿਉਂ ਦੇਵਾਂ ਰੁੱਖ ਨੂੰ ਵੱਢ
ਟਾਹਣੀ ਕਿਉਂ ਦੇਵਾਂ ਉਹਦੀ ਕੱਟ
ਝੂਠਾ ਤਾਂ ਹੋਇਆ ਸਾਰਾ ਜਹਾਨ

ਇਹ ਗਲ ਚਿੜੀਏ ਲੈ ਤੂੰ ਜਾਣ
ਸੱਚ ਨੂੰ ਲੈ ਤੂੰ ਪਛਾਣ

*(ਬਾਹਰ ਚਲਾ ਜਾਂਦਾ ਹੈ।)*

ਕਾਂ : (ਛੇੜਨ ਦੇ ਲਹਿਜੇ ਵਿਚ) ਕਾਂ ਕਾਂ ਕਾਂ (ਬਾਹਰ ਜਾਂਦਾ ਹੈ)

ਚਿੜੀ : (ਰੋਣ ਦੇ ਲਹਿਜੇ ਵਿਚ) ਚੀਂ ਚੀਂ ਚੀਂ

ਕਥਾਕਾਰ : ਲਕੜਹਾਰਾ ਰੁੱਖ ਨੂੰ ਵਢੇ ਨਾ
ਰੁੱਖ ਕਾਂ ਨੂੰ ਉਡਾਵੇ ਨਾ
ਹੁਣ ਚਿੜੀ ਵਿਚਾਰੀ ਕੀ ਕਰੇ
ਕੀ ਉਹ ਠੰਡਾ ਪਾਣੀ ਪੀ ਮਰੇ

ਕਾਂ : ਕਾਂ ਕਾਂ ਕਾਂ

ਚਿੜੀ : ਚੀਂ ਚੀਂ ਚੀਂ

ਕਥਾਕਾਰ : ਏਨੇ ਨੂੰ ਦੂਰੋਂ ਵਜਿਆ ਵਾਜਾ
ਉਥੇ ਆਇਆ ਦੇਸ਼ ਦਾ ਰਾਜਾ

*(ਰਾਜਾ ਸ਼ਾਨ ਨਾਲ ਆਉਂਦਾ ਹੈ।)*

ਚਿੜੀ : ਰਾਜਾ ਜੀ

ਰਾਜਾ : ਹਾਂ ਨੀਂ ਚਿੜੀਏ

ਚਿੜੀ : ਇਕ ਅਰਜ਼ ਕਰਾਂ

ਰਾਜਾ : ਕਰ ਨੀਂ ਚੀੜੀਏ

ਚਿੜੀ : ਰੁੱਖ 'ਤੇ ਬੈਠਾ ਝੂਠਾ ਕਾਂ
ਖਿੱਚੜੀ ਜੋ ਮੇਰੀ ਖਾ ਗਿਆ ਕਾਂ
ਲਕੜਹਾਰਾ ਰੁੱਖ ਨੂੰ ਵੱਢੇ ਨਾ
ਟਾਹਿਣੀ ਉਹਦੀ ਕਟੇ ਨਾ
ਲਕੜਹਾਰੇ ਨੂੰ ਤੁਸੀਂ ਦੇਵੋ ਮਾਰ
ਸਚ ਤਾਂ ਬੇੜਾ ਕਰ ਦਿਓ ਪਾਰ
ਰੁੱਖ 'ਤੇ ਬੈਠਾ ਝੂਠਾ ਕਾਂ
ਖਿਚੜੀ ਜੋ ਮੇਰੀ ਖਾ ਗਿਆ ਕਾਂ

ਰਾਜਾ : ਲਕੜਹਾਰੇ ਨੂੰ ਕਿਉਂ ਦੇਵਾਂ ਮਾਰ ?
ਉਹ ਤਾਂ ਹੈ ਗਰੀਬ ਲਕੜਹਾਰ
ਲਕੜਹਾਰ ਕਿਉਂ ਰੁੱਖ ਨੂੰ ਵੱਢੇ
ਟਾਂਹਣੀ ਉਹਦੀ ਉਹ ਕਿਉਂ ਕੱਟੇ
ਰੁੱਖ ਤਾਂ ਸ਼ੁਧ ਕਰਦਾ ਹਵਾ
ਰੁੱਖ ਤਾਂ ਦੇਂਦੇ ਮੀਂਹ ਵਰ੍ਹਾ

ਰੁੱਖ ਤਾਂ ਕੁਦਰਤ ਦੀ ਦਾਤ
ਜੀਵ ਜੰਤ ਲਈ ਇਹ ਸੌਗਾਤ
ਬਾਕੀ ਝੂਠਾ ਨਹੀਂ ਇਹ ਕਾਂ
ਝੂਠਾ ਤਾਂ ਹੋਇਆ ਸਾਰਾ ਜਹਾਨ
ਇਹ ਗੱਲ ਚਿੜੀਏ ਲੈ ਤੂੰ ਜਾਣ
ਸੋਚ ਲੈ ਤੂੰ ਪਹਿਚਾਣ

*(ਰਾਜਾ ਜਾਂਦਾ ਹੈ)*

ਕਾਂ : (ਛੇੜਨ ਦੇ ਲਹਿਜੇ ਵਿਚ) ਕਾਂ ਕਾਂ ਕਾਂ

ਚਿੜੀ : (ਰੋਣ ਦੇ ਲਹਿਜੇ ਵਿਚ) ਚੀਂ ਚੀਂ ਚੀਂ

ਕਥਾਕਾਰ : ਰਾਜਾ ਲਕੜਹਾਰੇ ਨੂੰ ਮਾਰੇ ਨਾ
ਲਕੜਹਾਰਾ ਰੁੱਖ ਨੂੰ ਵੱਢੇ ਨਾ
ਰੁੱਖ ਕਾਂ ਉਡਾਵੇ ਨਾ
ਹੁਣ ਚਿੜੀ ਵਿਚਾਰੀ ਕੀ ਕਰੇ
ਕੀ ਉਹ ਠੰਡਾ ਪਾਣੀ ਪੀ ਮਰੇ

ਚਿੜੀ : ਚੀਂ ਚੀਂ ਚੀਂ

ਕਾਂ : ਕਾਂ ਕਾਂ ਕਾਂ

ਕਥਾਕਾਰ : ਏਨੇ ਨੂੰ ਉਥੇ ਆ ਗਈ ਰਾਣੀ
ਸੋਹਣੀ ਸੁਨੱਖੀ, ਰਾਜਾ ਜਿਸਦਾ ਭਰਦਾ ਪਾਣੀ

*(ਰਾਣੀ ਸ਼ਾਨ ਨਾਲ ਆਉਂਦੀ ਹੈ, ਚਿੜੀ ਉਹਦੇ ਕੋਲ ਅਰਜੋਈ ਕਰਦੀ ਹੈ।)*

ਚਿੜੀ : ਰਾਣੀ ਜੀ, ਇਕ ਅਰਜ਼ ਕਰਾਂ

ਰਾਣੀ : ਕਰ ਨੀ ਚੀੜੀਏ

ਚਿੜੀ : ਰੁੱਖ ਤੇ ਬੈਠਾ ਝੂਠਾ ਕਾਂ
ਖਿਚੜੀ ਜੋ ਮੇਰੀ ਖਾ ਗਿਆ ਕਾਂ
ਰੁੱਖ ਕਾਂ ਉਡਾਵੇ ਨਾ
ਲਕੜਹਾਰਾ ਰੁੱਖ ਵੱਢੇ ਨਾ
ਰਾਜਾ ਲਕੜਹਾਰੇ ਨੂੰ ਮਾਰੇ ਨਾ
ਸੱਚ ਦਾ ਬੇੜਾ ਤਾਰੇ ਨਾ
ਰਾਜੇ ਨਾਲ ਕਰੋ ਤੁਸੀਂ ਕੱਟੀ
ਉਹ ਵੀ ਪੜ੍ਹਦਾ ਝੂਠ ਦੀ ਪੱਟੀ
ਰੁੱਖ 'ਤੇ ਬੈਠਾ ਝੂਠਾ ਕਾਂ

ਖਿਚੜੀ ਜੋ ਮੇਰੀ ਖਾ ਗਿਆ ਕਾਂ

ਰਾਣੀ : ਸੁਣ ਨੀਂ ਚਿੜੀਏ
ਰਾਜੇ ਨਾਲ ਕਰਾਂ ਕਿਉਂ ਕੱਟੀ
ਕੀ ਹੋਇਆ ਜੋ ਪੜ੍ਹਦਾ ਝੂਠ ਦੀ ਪੱਟੀ
ਝੂਠਾ ਤਾਂ ਹੋਇਆ ਸਭ ਜ਼ਹਾਨ
ਇਹ ਗੱਲ ਚਿੜੀਏ ਲੈ ਤੂੰ ਜਾਣ

ਕਾਂ : (ਛੇੜਣ ਦੇ ਲਹਿਜੇ ਵਿਚ) ਕਾਂ ਕਾਂ ਕਾਂ

ਚਿੜੀ : (ਰੋਣ ਦੇ ਲਹਿਜੇ ਵਿਚ) ਚੀਂ ਚੀਂ ਚੀਂ

ਕਥਾਕਾਰ : ਰਾਣੀ ਕਰੇ ਨਾ ਰਾਜੇ ਨਾਲ ਕੱਟੀ
ਰਾਜਾ ਲਕੜਹਾਰੇ ਨੂੰ ਮਾਰੇ ਨਾ
ਲਕੜਹਾਰਾ ਰੁੱਖ ਨੂੰ ਵੱਢੇ ਨਾ
ਰੁੱਖ ਕਾਂ ਉਡਾਵੇ ਨਾ
ਹੁਣ ਚਿੜੀ ਵਿਚਾਰੀ ਕੀ ਕਰੇ
ਕੀ ਉਹ ਠੰਡਾ ਪਾਣੀ ਪੀ ਮਰੇ

ਚਿੜੀ : ਚੀਂ ਚੀਂ ਚੀਂ

ਕਾਂ : ਕਾਂ ਕਾਂ ਕਾਂ

ਕਥਾਕਾਰ : ਏਨੇ ਨੂੰ ਉਥੇ ਆਇਆ ਰਾਜਕੁਮਾਰ
ਦੁੱਖੀਆਂ ਦਾ ਜੋ ਸੀ ਮਦਦਗਾਰ

*(ਰਾਜਕੁਮਾਰ ਘੋੜੇ ਉਤੇ ਸਵਾਰ ਮੁਦਰਾ ਵਿਚ ਆਉਂਦਾ ਹੈ।)*

ਚਿੜੀ : ਰਾਜਕੁਮਾਰ ਜੀ, ਇਕ ਅਰਜ਼ ਕਰਾਂ

ਰਾਜਕੁਮਾਰ : ਕਰ ਨੀ ਚਿੜੀਏ

ਚਿੜੀ : ਰੁੱਖ 'ਤੇ ਬੈਠਾ ਝੂਠਾ ਕਾਂ
ਖਿਚੜੀ ਜੋ ਮੇਰੀ ਖਾ ਗਿਆ ਕਾਂ
ਰੁੱਖ ਕਾਂ ਉਡਾਵੇ ਨਾ
ਲਕੜਹਾਰਾ ਰੁੱਖ ਵੱਢੇ ਨਾ
ਰਾਣੀ ਨਾਲ ਨਾ ਤੂੰ ਹੁਣ ਬੋਲ
ਸੱਚ ਤੇ ਝੂਠ ਨੂੰ ਪੂਰਾ ਤੋਲ
ਰੁੱਖ 'ਤੇ ਬੈਠਾ ਝੂਠਾ ਕਾਂ
ਖਿਚੜੀ ਜੋ ਮੇਰੀ ਖਾ ਗਿਆ ਕਾਂ

ਰਾਜਕੁਮਾਰ : ਸੁਣ ਲੈ ਮੈਂ ਤੇਰੇ ਬੋਲ
ਕਾਂ ਨੂੰ ਦਿਆਂਗਾ ਮੈਂ ਮਾਰ
ਸੱਚ ਦਾ ਬੇੜਾ ਕਰਾਂਗਾ ਪਾਰ

ਰੁੱਖ ਨੂੰ ਵੱਢਾਂਗਾ ਮੈਂ
ਟਾਹਣੀ ਉਹਦੀ ਕੱਟਾਂਗਾ ਮੈਂ
ਚਿੜੀ : (ਖੁਸ਼ੀ ਦੇ ਲਹਿਜੇ ਵਿਚ) ਚੀਂ ਚੀਂ ਚੀਂ
ਕਾਂ : (ਰੋਣ ਦੇ ਲਹਿਜੇ ਵਿਚ) ਕਾਂ ਕਾਂ ਕਾਂ

*(ਫੇਰ ਅਰਜ਼ੋਈ ਕਰਕੇ)*

ਰੁੱਖ ਨੂੰ ਤੁਸੀਂ ਵੱਢੋ ਨਾ
ਟਾਹਣੀ ਇਹਦੀ ਕੱਟੋ ਨਾ
ਖਿਚੜੀ ਹੋਰ ਬਣਾਵਾਂਗਾ ਮੈਂ
ਚਿੜੀ ਨੂੰ ਖੂਬ ਖਵਾਵਾਂਗਾ ਮੈਂ
ਰੁੱਖ ਤਾਂ ਹੁਣ ਕੁਦਰਤ ਦੀ ਦਾਤ
ਜੀਵ ਜੰਤ ਲਈ ਇਹ ਸੌਗਾਤ
ਚਿੜੀ : (ਖੁਸ਼ੀ ਨਾਲ) ਚੀਂ ਚੀਂ ਚੀਂ

*(ਸਾਰੇ ਪਾਤਰ ਇਕੱਠੇ)*

ਸਮਝ ਲਈ ਹੈ ਅਸੀਂ ਸਭ ਬਾਤ
ਰੁੱਖ ਤਾਂ ਹੁਣ ਕੁਦਰਤ ਦੀ ਦਾਤ
ਜੀਵ ਜੰਤ ਲਈ ਇਹ ਸੌਗਾਤ
ਰੁੱਖਾਂ ਨੂੰ ਅਸੀਂ ਵੱਢਣਾ ਨਾ
ਰੁੱਖਾਂ ਨੂੰ ਅਸੀਂ ਕੱਟਣਾ ਨਾ
ਰੁੱਖ ਤਾਂ ਸ਼ੁੱਧ ਕਰਨ ਹਵਾ
ਰੁੱਖ ਤਾਂ ਦੇਣ ਮੀਂਹ ਵਰਾ
ਰੁੱਖਾਂ ਦੀ ਕਰੀਏ ਜ਼ਿੰਦਾਬਾਦ
ਰੁੱਖਾਂ ਨੂੰ ਸਾਡਾ ਸਲਾਮ
ਰੁੱਖ ਨੂੰ ਸਾਡਾ ਪਰਨਾਮ